# ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ

ਐਸ.ਸੀ.ਓ 104-106 , ਦੂਜੀ ਮੰਜ਼ਿਲ ਸੈਕਟਰ 34-ਏ ਚੰਡੀਗੜ੍ਹ
ਫੋਨ ਨੰ: 0172-501565, ਫੈਕਸ ਨੰ: 0172-2624687 ਈ.ਮੇਲ dgsepunjab18@gmail.com

## ਹੁਕਮ

ਨੰ: ਡੀ.ਜ਼ੀ.ਐਸ.ਈ/ਇਨਫੋਰਸਮੈਂਟ /2013/ Ru0/002-05    ਮਿਤੀ 15.2.13

ਸ਼ਿਕਾਇਤ ਪ੍ਰਾਪਤ ਹੋਣ ਤੇ ਸ.ਸ.ਸ.ਸ. ਬੜੂੰਦੀ ਜ਼ਿਲਾ ਲੁਧਿਆਣਾ ਦਾ ਅਚਨਚੇਤ ਨਿਰੀਖਣ ਮਿਤੀ 13.02.2013 ਨੂੰ ਕੀਤਾ ਗਿਆ, ਜਿਸ ਦੌਰਾਨ ਸ਼੍ਰੀ ਸਰਬਜੀਤ ਸਿੰਘ ਵੋਕੇਸ਼ਨਲ ਮਾਸਟਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੜੂੰਦੀ ਜ਼ਿਲਾ ਲੁਧਿਆਣਾ ਵਿਰੁੱਧ ਨਿਮਨਲਿਖਤ ਕੋਤਾਹੀਆਂ ਪਾਈਆਂ ਗਈਆਂ ਹਨ :-

- ਨਿਰੀਖਣ ਟੀਮ ਨੇ ਜਦੋਂ ਸਕੂਲ ਇੰਚਾਰਜ ਅਤੇ ਸਟਾਫ ਦੀ ਹਾਜ਼ਰੀ ਵਿੱਚ ਸਰਬਜੀਤ ਸਿੰਘ ਵੋਕੇਸ਼ਨਲ ਟੀਚਰ ਦੀ ਅਲਮਾਰੀ ਖੁਲਵਾਈ ਗਈ ਤਾਂ ਅਲਮਾਰੀ ਵਿੱਚੋਂ ਕਾਫੀ ਮਾਤਰਾ ਵਿੱਚ ਭੁੱਕੀ, ਚੂਰਾ ਪੋਸਤ ਅਤੇ ਇਕ ਅਸ਼ਲੀਲ ਸੀ.ਡੀ. (ਕਵਰ ਸਮੇਤ) ਬਰਾਮਦ ਹੋਈ। ਇਸ ਦੀ ਸੂਚਨਾ ਪਿੰਡ ਦੇ ਸਰਪੰਚ ਅਤੇ ਹੋਰ ਪਤਵੰਤਿਆਂ ਨੂੰ ਦਿੱਤੀ ਗਈ ਅਤੇ ਉਨ੍ਹਾਂ ਨੂੰ ਸਕੂਲ ਵਿੱਚ ਸੱਦਿਆ ਗਿਆ। ਇਸ ਦੀ ਸੂਚਨਾ ਸੰਬੰਧਤ ਪੁਲਿਸ ਚੌਂਕੀ ਲੋਹਟਬੱਧੀ ਦੇ ਇੰਚਾਰਜ ਨੂੰ ਦਿੱਤੀ ਗਈ ਅਤੇ ਉਨ੍ਹਾਂ ਨੇ ਮੌਕੇ ਤੇ ਆ ਕੇ ਪ੍ਰਿੰਸੀਪਲ ਸਟਾਫ ਅਤੇ ਨਿਰੀਖਣ ਟੀਮ ਦੇ ਇੰਚਾਰਜ ਦੀ ਮੌਜੂਦਗੀ ਵਿੱਚ ਸਾਮਾਨ ਦੀ ਬਰਾਮਦਗੀ ਪਾਈ ਅਤੇ ਐਫ.ਆਈ.ਆਰ. ਲਿਖਣ ਉਪਰੰਤ ਸ਼੍ਰੀ ਸਰਬਜੀਤ ਸਿੰਘ ਨੂੰ ਗ੍ਰਿਫਤਾਰ ਕਰ ਲਿਆ।
- ਸ਼੍ਰੀ ਸਰਬਜੀਤ ਸਿੰਘ ਵੋਕੇਸ਼ਨਲ ਟੀਚਰ ਪਿਛਲੇ ਕਈ ਸਾਲਾਂ ਤੋਂ ਕੋਈ ਵਿਦਿਆਰਥੀ ਨਹੀਂ ਪੜ੍ਹਾ ਰਿਹਾ ਹੈ। ਇਹ ਕਰਮਚਾਰੀ ਜ਼ਿਆਦਾਤਰ ਸਕੂਲ ਵਿੱਚ ਵਿਹਲਾ ਰਹਿੰਦਾ ਹੈ।
- ਸ਼੍ਰੀ ਸਰਬਜੀਤ ਸਿੰਘ ਵੋਕੇਸ਼ਨਲ ਟੀਚਰ ਵੱਲੋਂ ਡੀਜ਼ਲ ਮਕੈਨਿਕ, ਰੇਡਿਉ, ਟੀ.ਵੀ., ਸਿਲਾਈ ਟਰੇਡ ਦੇ ਸਟਾਫ ਰਜਿਸਟਰ ਨਿਰੀਖਨ ਟੀਮ ਨੂੰ ਮੁਹਈਆ ਨਹੀਂ ਕਰਵਾਏ ਗਏ।

ਇਨ੍ਹਾਂ ਉਕਤ ਗੰਭੀਰ ਕੋਤਾਹੀਆਂ ਕਾਰਨ ਸ਼੍ਰੀ ਸਰਬਜੀਤ ਸਿੰਘ ਵੋਕੇਸ਼ਨਲ ਮਾਸਟਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੜੂੰਦੀ ਜ਼ਿਲਾ ਲੁਧਿਆਣਾ ਨੂੰ ਪੰਜਾਬ ਸਿਵਲ ਸੇਵਾਵਾਂ ( ਸਜ਼ਾ ਅਤੇ ਅਪੀਲ) ਨਿਯਮਾਂ ਦੇ ਨਿਯਮ 4(1) ਅਧੀਨ ਮੁਅੱਤਲ ਕੀਤਾ ਜਾਂਦਾ ਹੈ। ਮੁਅੱਤਲੀ ਦੌਰਾਨ ਉਸਦਾ ਹੈਡ ਕੁਆਟਰ ਦਫਤਰ ਜ਼ਿਲਾ ਸਿੱਖਿਆ ਅਫਸਰ (ਸੈ:ਸਿ) ਪਠਾਨਕੋਟ ਵਿਖੇ ਹੋਵੇਗਾ ।

ਇਹ ਹੁਕਮ ਤੁਰੰਤ ਲਾਗੂ ਹੋਣਗੇ।

ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ, ਚੰਡੀਗੜ੍ਹ।

ਪਿਠ ਅੰਕਣ ਨੰ: ਡੀ.ਜੀ.ਐਸ.ਈ/ਇਨਫੋਰਸਮੈਂਟ /2013/ Ru0/002-06    ਮਿਤੀ 15.2.13

ਉਪਰੋਕਤ ਦਾ ਉਤਾਰਾ ਨਿਮਨਲਿਖਤ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ :-

1. ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ)/ਪੰਜਾਬ, ਚੰਡੀਗੜ੍ਹ
2. ਜ਼ਿਲਾ ਸਿੱਖਿਆ ਅਫਸਰ (ਸੈ:ਸਿ) ਲੁਧਿਆਣਾ ਅਤੇ ਪਠਾਨਕੋਟ।
3. ਸੰਬੰਧਤ ਕਰਮਚਾਰੀ।

ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ, ਚੰਡੀਗੜ੍ਹ।